**ਪੰਜਾਬ ਸਕੂਲ ਸਿੱਖਿਆ ਬੋਰਡ**

**ਸਾਲ/ਸੈਸ਼ਨ 2018-19 ਲਈ ਨੌਵੀਂ/ਗਿਆਰ੍ਹਵੀਂ ਸ਼੍ਰੇਣੀ ਵਿੱਚ ਆਨ-ਲਾਈਨ ਰਜਿਸਟਰੇਸ਼ਨ/ਕੰਟੀਨਿਊਏਸ਼ਨ ਕਰਨ ਸਬੰਧੀ।**

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜਿਹੜੇ ਵਿਦਿਆਰਥੀਆਂ ਨੇ ਸਾਲ/ਸੈਸ਼ਨ 2018-19 ਲਈ ਨੌਵੀਂ/ਗਿਆਰਵੀਂ ਸ਼੍ਰੇਣੀ ਵਿੱਚ ਉਹਨਾਂ ਦੇ ਸਕੂਲ ਵਿੱਚ ਸਮੇਂ-ਸਿਰ ਦਾਖਲਾ ਲੈ ਲਿਆ ਸੀ, ਪ੍ਰੰਤੂ ਕਿਸੇ ਕਾਰਨ ਕਰਕੇ ਆਨ-ਲਾਈਨ ਰਜਿਸਟਰੇਸ਼ਨ/ ਕੰਟੀਨਿਊਏਸ਼ਨ ਨਹੀਂ ਹੋ ਸਕੀ। ਉਹਨਾਂ ਵਿਦਿਆਰਥੀਆਂ ਦਾ ਨੌਵੀਂ/ਗਿਆਰ੍ਹਵੀਂ ਸ਼੍ਰੇਣੀ ਵਿੱਚ ਨਤੀਜਾ ਆਨ-ਲਾਈਨ ਅਪਡੇਟ ਨਹੀ ਹੋ ਸਕੇਗਾ। ਉਹ ਸਕੂਲ ਪ੍ਰਿੰਸੀਪਲ ਵੱਲੋਂ ਲੈਟਰ ਪੈਡ, ਦਾਖਲਾ ਖਾਰਜ ਰਜਿਸਟਰ ਅਸਲ/ ਤਸਦੀਕਸ਼ੁਦਾ ਫੋਟੋ-ਕਾਪੀ, ਹਾਜ਼ਰੀ ਰਜਿਸਟਰ ਅਸਲ/ਤਸਦੀਕਸ਼ੁਦਾ ਫੋਟੋ-ਕਾਪੀਆਂ, ਫਾਰਮ ਅਨੁਸਾਰ ਹੇਠਲੀ ਸ਼੍ਰੇਣੀ ਪਾਸ ਕਰਨ ਦੇ ਦਸਤਾਵੇਜ਼ ਅਤੇ ਫਾਰਮ ਅਨੁਸਾਰ ਬਣਦੀ ਫੀਸ+ 100/- ਰੁਪਏ ਪ੍ਰਤੀ ਵਿਦਿਆਰਥੀ ਲੇਟ ਫੀਸ+ 2,000/- ਰੁਪਏ ਪ੍ਰਤੀ ਵਿਦਿਆਰਥੀ ਲੇਟ ਫੀਸ ਸਕੂਲ ਦੇ ਕੇ ਮਿਤੀ 28-02-2019 ਤੱਕ ਮੁੱਖ ਦਫਤਰ, ਰਜਿਸਟਰੇਸ਼ਨ ਸ਼ਾਖਾ ਵਿੱਚ ਫੀਸ ਭਰਵਾ ਕੇ ਆਨ-ਲਾਈਨ ਰਜਿਸਟਰੇਸ਼ਨ/ ਕੰਟੀਨਿਊਏਸ਼ਨ ਕਰਵਾ ਸਕਦੇ ਹਨ। **ਇਸ ਫੀਸ ਤੋਂ ਇਲਾਵਾ ਰਜਿਸਟਰੇਸ਼ਨ ਸ਼ਾਖਾ ਵੱਲੋਂ ਰਜਿਸਟਰੇਸ਼ਨ/ ਕੰਟੀਨਿਊਏਸ਼ਨ ਸਬੰਧੀ ਹੋਰ ਕੋਈ ਫੀਸ ਨਹੀਂ ਲਈ ਜਾਵੇਗੀ। ਦੇਰੀ ਦੀ ਸਮੂਹ ਜ਼ਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।**

**ਡਾਇਰੈਕਟਰ**

(ਕੰਪਿ: ਸੈੱਲ)